NYC Office for the Prevention of Hate Crimes

# ਨਫ਼ਰਤ ਸੰਬੰਧੀ ਜ਼ੁਰਮ ਕੀ ਹੈ?

ਇੱਕ ਨਫ਼ਰਤ ਸੰਬੰਧੀ ਜ਼ੁਰਮ ਇੱਕ ਅਜਿਹਾ ਜ਼ੁਰਮ ਹੈ, ਜੋ ਕਿ ਪੂਰਨ ਜਾਂ ਅਪੂਰਨ ਰੂਪ ਵਿੱਚ ਕੁਝ ਨਿੱਜੀ ਵਿਸ਼ੇਸ਼ਤਾਵਾਂ ਦੇ ਵਿਰੁੱਧ ਪੱਖਪਾਤ ਕਰਕੇ ਉਤਸ਼ਾਹਿਤ ਹੁੰਦਾ ਹੈ। ਨਿਊ ਯਾਰਕ ਰਾਜ ਦੇ ਕਾਨੂੰਨ ਅਨੁਸਾਰ, ਕਿਸੇ ਘਟਨਾ ਨੂੰ ਨਫ਼ਰਤ ਸੰਬੰਧੀ ਜ਼ੁਰਮ ਵਜੋਂ ਸ਼੍ਰੇਣੀਬੱਧ ਕਰਨ ਲਈ ਕੋਈ ਅੰਤਰੀਵ ਜ਼ੁਰਮ ਹੋਣਾ ਲਾਜ਼ਮੀ ਹੈ। ਇਸ ਤੋਂ ਭਾਵ ਹੈ ਕਿ ਅਧਿਕਾਰੀਆਂ ਲਈ ਪਹਿਲਾਂ ਇਹ ਨਿਰਧਾਰਨ ਕਰਨਾ ਲਾਜ਼ਮੀ ਹੈ ਕਿ ਕੋਈ ਜ਼ੁਰਮ ਹੋਇਆ ਸੀ। ਜੇਕਰ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਜ਼ੁਰਮ ਪੱਖਪਾਤ ਦੁਆਰਾ ਉਤਸ਼ਾਹਿਤ ਸੀ, ਤਾਂ ਨਫ਼ਰਤ ਸੰਬੰਧੀ ਜ਼ੁਰਮ ਦੇ ਦੋਸ਼ਾਂ ਨੂੰ ਅਸਲ ਜ਼ੁਰਮ ਵਿੱਚ ਜੋੜਿਆ ਜਾ ਸਕਦਾ ਹੈ।

ਇਹ ਵਧੇ ਜੁਰਮਾਨੇ ਮੌਜੂਦ ਹਨ ਕਿਉਂਕਿ ਹਾਲਾਂਕਿ ਕਿਸੇ ਵੀ ਜ਼ੁਰਮ ਦਾ ਪੀੜਤ ‘ਤੇ ਮਾੜਾ ਪ੍ਰਭਾਵ ਪੈਂਦਾ ਹੈ, ਪਰ ਨਫ਼ਰਤ ਸੰਬੰਧੀ ਜ਼ੁਰਮ ਪੀੜਤਾਂ ‘ਤੇ ਬਹੁਤ ਜ਼ਿਆਦਾ ਡੂੰਘੇ ਅਤੇ ਭਾਵਨਾਤਮਕ ਪੱਧਰ ‘ਤੇ ਪ੍ਰਭਾਵ ਪਾਉਂਦੇ ਹਨ, ਅਤੇ ਇਹ ਪ੍ਰਭਾਵ ਵਧੇਰੇ ਵਿਆਪਕ ਹੁੰਦਾ ਹੈ—ਪੀੜਤ ਦੀਆਂ ਵਿਸ਼ੇਸ਼ਤਾਵਾਂ ਨੂੰ ਸਾਂਝਾ ਕਰਨ ਵਾਲੇ ਲੋਕਾਂ ਵਿੱਚ ਡਰ ਅਤੇ ਸਮੂਹਕ ਅਸ਼ਾਂਤੀ ਪੈਦਾ ਕਰਦਾ ਹੈ। ਕਈ ਕਿਸਮਾਂ ਦੇ ਅੰਤਰੀਵ ਜ਼ੁਰਮ ਹੁੰਦੇ ਹਨ, ਜਦੋਂ ਇਹਨਾਂ ਨੂੰ ਪੱਖਪਾਤੀ ਉਦੇਸ਼ ਨਾਲ ਜੋੜਿਆ ਜਾਂਦਾ ਹੈ, ਨਫ਼ਰਤ ਸੰਬੰਧੀ ਜ਼ੁਰਮ ਮੰਨਿਆ ਜਾ ਸਕਦਾ ਹੈ, ਜਿਸ ਵਿੱਚ ਸਰੀਰਕ ਹਮਲਾ, ਜ਼ੁਬਾਨੀ ਧਮਕੀਆਂ, ਡਕੈਤੀਆਂ ਅਤੇ ਚੋਰੀਆਂ, ਅਤੇ ਜਾਇਦਾਦ ਨੂੰ ਨੁਕਸਾਨ ਜਿਵੇਂ ਕਿ ਗ੍ਰੈਫਿਟੀ ਸ਼ਾਮਲ ਹਨ।

ਨਿਊ ਯਾਰਕ ਦਾ ਕਾਨੂੰਨ ਇਹ ਵੀ ਵਿਸ਼ੇਸ਼ ਤੌਰ ‘ਤੇ ਨਿਰਧਾਰਤ ਕਰਦਾ ਹੈ ਕਿ ਜਿਹੜਾ ਵੀ ਵਿਅਕਤੀ ਪਰੇਸ਼ਾਨ ਕਰਨ, ਖਿਝਾਉਣ, ਧਮਕੀ ਦੇਣ, ਜਾਂ ਚੇਤਾਵਨੀ ਦੇਣ ਦੇ ਇਰਾਦੇ ਦੇ ਨਾਲ ਸਵਾਸਤਿਕ ਜਾਂ ਫਾਂਸੀ—ਨਫ਼ਰਤ ਦੇ ਦੋਵੇਂ ਇਤਿਹਾਸਕ ਪ੍ਰਗਟਾਵੇ—ਰੱਖਦਾ ਹੈ, ਉਸ ‘ਤੇ ਵੀ ਪ੍ਰੇਸ਼ਾਨ ਕਰਨ ਦਾ ਭਾਰੀ ਦੋਸ਼ ਲਾਇਆ ਜਾ ਸਕਦਾ ਹੈ।

## ਨਫ਼ਰਤ ਸੰਬੰਧੀ ਜ਼ੁਰਮਾਂ ਦੀਆਂ ਉਦਾਹਰਣਾਂ

- ✔ ਰੇਲ ਗੱਡੀ ਵਿੱਚ ਇੱਕ ਯਾਤਰੀ ਇਹ ਕਹਿੰਦਾ ਹੈ, “ਮੈਨੂੰ ਸਮਲਿੰਗੀ ਵਿਅਕਤੀ ਤੋਂ ਨਫ਼ਰਤ ਹੈ,” ਅਤੇ ਇੱਕ ਦੂਜੇ ਦਾ ਹੱਥ ਫੜੇ ਸਮਾਨ-ਲਿੰਗ ਵਾਲੇ ਜੋੜੇ ਨੂੰ ਕੁੱਟਣ ਦੀ ਧਮਕੀ ਦਿੰਦਾ ਹੈ।
- ✔ ਕਿਸ਼ੋਰਾਂ ਦਾ ਸਮੂਹ ਕਿਸੇ ਇਮਾਰਤ ‘ਤੇ ਸਵਾਸਤਿਕ ਪੇਂਟ ਕਰਦਾ ਹੈ ਜਾਂ ਦਰੱਖਤ ਤੋਂ ਫਾਂਸੀ ਲਟਕਾਉਂਦਾ ਹੈ।
- ✔ ਇੱਕ ਯਾਤਰੀ ਕਿਸੇ ਵਿਅਕਤੀ ਦੇ ਚਿਹਰੇ ‘ਤੇ ਥੁੱਕਦਾ ਹੈ ਅਤੇ ਇਹ ਕਹਿ ਕੇ ਚੀਕਦਾ ਹੈ, “ਤੁਸੀਂ ਏਸ਼ੀਆਈ ਲੋਕ ਕਰੋਨਾਵਾਇਰਸ ਫੈਲਾ ਰਹੇ ਹੋ!”

## ਨਿਊ ਯਾਰਕ ਵਿੱਚ ਨਫ਼ਰਤ ਸੰਬੰਧੀ ਜ਼ੁਰਮ ਕਾਨੂੰਨ ਦੇ ਤਹਿਤ ਕਿਹੜੇ ਸਮੂਹ ਪਛਾਣੇ ਜਾਂਦੇ ਹਨ?

ਨਿਊ ਯਾਰਕ ਸਟੇਟ ਦਾ ਕਾਨੂੰਨ ਇਹ ਨਿਰਧਾਰਤ ਕਰਦੇ ਹੋਏ ਕਿ ਕੀ ਕੋਈ ਜ਼ੁਰਮ ਪੱਖਪਾਤ ਦੁਆਰਾ ਉਤਸ਼ਾਹਿਤ ਸੀ ਜਾਂ ਨਹੀਂ, ਹੇਠ ਲਿਖੀਆਂ ਪਛਾਣਾਂ ਬਾਰੇ ਵਿਚਾਰ ਕਰਦਾ ਹੈ:

- ਜਾਤੀ ਜਾਂ ਰੰਗ
- ਧਰਮ ਜਾਂ ਧਾਰਮਿਕ ਅਭਿਆਸ
- ਰਾਸ਼ਟਰੀ ਮੂਲ ਦਾ ਵੰਸ਼ ਜਾਂ ਸਥਾਨ
- ਲਿੰਗ
- ਜਿਨਸੀ ਰੁਝਾਨ
- ਲਿੰਗ ਸੰਬੰਧੀ ਪਛਾਣ ਜਾਂ ਸਮੀਕਰਨ
- ਅਪਾਹਜਤਾ
- ਉਮਰ

## ਜੇਕਰ ਕੋਈ ਅੰਤਰੀਵ ਜ਼ੁਰਮ ਨਹੀਂ ਹੁੰਦਾ ਹੈ, ਤਾਂ ਕੀ ਹੋਵੇਗਾ?

ਜੇਕਰ ਕੋਈ ਅੰਤਰੀਵ ਜ਼ੁਰਮ ਨਾ ਹੋਵੇ, ਤਾਂ ਵੀ ਕੋਈ ਵਿਅਕਤੀ ਪੱਖਪਾਤ ਅਤੇ ਨਫ਼ਰਤ ਦਾ ਸ਼ਿਕਾਰ ਹੋ ਸਕਦਾ ਹੈ। ਪੱਖਪਾਤ ਸੰਬੰਧੀ ਘਟਨਾ ਉਦੋਂ ਹੁੰਦੀ ਹੈ, ਜਦੋਂ ਕੋਈ ਵਿਅਕਤੀ ਤੁਹਾਡੀ ਪਛਾਣ ਦੇ ਅਧਾਰ ‘ਤੇ ਮੌਖਿਕ ਤੌਰ ‘ਤੇ ਤੁਹਾਨੂੰ ਪ੍ਰੇਸ਼ਾਨ ਕਰਦਾ ਹੈ ਜਾਂ ਤੁਹਾਡੇ ਨਾਲ ਵਿਤਕਰਾ ਕਰਦਾ ਹੈ, ਪਰ ਇਸ ਘਟਨਾ ਵਿੱਚ ਕੋਈ ਸਰੀਰਕ ਹਮਲਾ, ਹਮਲੇ ਦਾ ਧਮਕੀ ਜਾਂ ਜਾਇਦਾਦ ਨੂੰ ਨੁਕਸਾਨ ਸ਼ਾਮਲ ਨਹੀਂ ਹੁੰਦਾ।

ਪੱਖਪਾਤ ਦੀਆਂ ਘਟਨਾਵਾਂ ਨੂੰ ਵਿਤਕਰੇ ਦੀਆਂ ਉਦਾਹਰਣਾਂ ਵਜੋਂ ਗੰਭੀਰਤਾ ਨਾਲ ਲਿਆ ਜਾਂਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਉਹ ਜ਼ੁਰਮ ਹੋਣ। ਕੁਝ ਪੱਖਪਾਤੀ ਘਟਨਾਵਾਂ ਨੂੰ ਸੰਵਿਧਾਨ ਦੇ ਅਜ਼ਾਦ ਭਾਸ਼ਣ ਦੇ ਪ੍ਰਬੰਧਾਂ ਦੁਆਰਾ ਸੁਰੱਖਿਅਤ ਕੀਤਾ ਜਾ ਸਕਦਾ ਹੈ। ਦੂਸਰੀਆਂ ਘਟਨਾਵਾਂ ਨਿਊ ਯਾਰਕ ਸਿਟੀ ਵਿੱਚ NYC ਮਨੁੱਖੀ ਅਧਿਕਾਰਾਂ ਦੇ ਕਾਨੂੰਨ ਤਹਿਤ ਸਿਵਲ ਜੁਰਮਾਨੇ ਨੂੰ ਵਧਾ ਸਕਦੇ ਹਨ, ਜਿਸਨੂੰ ਮਨੁੱਖੀ ਅਧਿਕਾਰਾਂ ਬਾਰੇ NYC ਕਮਿਸ਼ਨ ਦੁਆਰਾ ਚਲਾਇਆ ਜਾਂਦਾ ਹੈ।

## ਪੱਖਪਾਤੀ ਸੰਬੰਧੀ ਘਟਨਾਵਾਂ ਦੀਆਂ ਉਦਾਹਰਣਾਂ

- ✔ ਕੋਈ ਵਿਅਕਤੀ ਲਾਤੀਨੀ ਵਿਅਕਤੀ ਨਾਲ ਸੜਕ ‘ਤੇ ਤੁਰਦਾ ਹੈ ਅਤੇ ਇਹ ਚੀਕਦਾ ਹੈ, “ਮੈਂ ਮੈਕਸੀਕੋ ਦੇ ਵਿਅਕਤੀਆਂ ਨਾਲ ਨਫ਼ਰਤ ਕਰਦਾ/ਦੀ ਹਾਂ,” ਅਤੇ, “ਵਾਪਸ ਆਪਣੇ ਦੇਸ਼ ਚਲੇ ਜਾਓ!”
- ✔ ਕਿਸ਼ੋਰਾਂ ਦਾ ਇੱਕ ਸਮੂਹ, ਇੱਕ ਕਾਲੇ ਕਿਸ਼ੋਰ ਨੂੰ “N” ਸ਼ਬਦ ਕਹਿੰਦਾ ਹੈ।
- ✔ ਰੈਸਟੋਰੈਂਟ ਮਾਲਕ ਇੱਕ ਪੱਗ ਵਾਲੇ ਗਾਹਕ ਨੂੰ ਇਹ ਕਹਿੰਦਾ ਹੈ, “ਇੱਥੇ ਮੁਸਲਮਾਨਾਂ ਦਾ ਸੁਆਗਤ ਨਹੀਂ ਕੀਤਾਂ ਜਾਂਦਾ”।

# ਮੈਨੂੰ ਕੀ ਕਰਨਾ ਚਾਹੀਦਾ ਹੈ...

## ...ਜੇਕਰ ਮੈਨੂੰ ਗ੍ਰੈਫਿਟੀ ਮਿਲਦੀ ਹੈ, ਜਿਸ ਵਿੱਚ ਨਫ਼ਰਤ ਭਰਿਆ ਭਾਸ਼ਣ ਜਾਂ ਨਫ਼ਰਤ ਦੇ ਪ੍ਰਤੀਕ ਸ਼ਾਮਲ ਹੁੰਦੇ ਹਨ, ਜਿਵੇਂ ਕਿ ਸਵਾਸਤਿਕ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਗ੍ਰੈਫਿਟੀ ਨਿਊ ਯਾਰਕ ਵਿੱਚ ਇੱਕ ਜ਼ੁਰਮ ਹੈ, ਅਤੇ ਗ੍ਰੈਫਿਟੀ ਜਿਸ ਵਿੱਚ ਨਫ਼ਰਤ ਭਰਿਆ ਭਾਸ਼ਣ ਜਾਂ ਨਫ਼ਰਤ ਦੇ ਪ੍ਰਤੀਕ ਸ਼ਾਮਲ ਹਨ, ਉਸਨੂੰ ਨਫ਼ਰਤ ਸੰਬੰਧੀ ਜ਼ੁਰਮ ਮੰਨਿਆ ਜਾ ਸਕਦਾ ਹੈ। ਸਵਾਸਤਿਕਾ ਅਤੇ ਫਾਂਸੀ, ਨਫ਼ਰਤ ਦੇ ਸਭ ਤੋਂ ਆਮ ਪ੍ਰਤੀਕ ਹਨ।

ਜੇਕਰ ਤੁਸੀਂ ਅਜਿਹੀ ਗ੍ਰੈਫਿਟੀ ਪਾਉਂਦੇ ਹੋ, ਜਿਸ ਵਿੱਚ ਨਫ਼ਰਤ ਭਰਿਆ ਭਾਸ਼ਣ ਜਾਂ ਨਫ਼ਰਤ ਦੇ ਪ੍ਰਤੀਕ ਸ਼ਾਮਲ ਹੁੰਦੇ ਹਨ, ਤਾਂ 911 'ਤੇ ਕਾਲ ਕਰੋ ਅਤੇ "ਨਫ਼ਰਤ ਸੰਬੰਧੀ ਜ਼ੁਰਮ" ਕਹੋ। ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਸਾਂਝਾ ਕਰਨ ਲਈ ਗ੍ਰਾਫਿਟੀ ਦੀ ਤਸਵੀਰ ਖਿੱਚਣੀ ਵੀ ਮਦਦਗਾਰ ਹੋਵੇਗੀ।

## ..ਜੇਕਰ ਮੈਨੂੰ ਇੱਕ ਲੈਂਪਪੋਸਟ 'ਤੇ ਸਫ਼ੇਦ ਸੁਪਰੈਮਸਿਸਟ ਸਮੂਹ ਨੂੰ ਉਤਸ਼ਾਹਿਤ ਕਰਨ ਵਾਲੇ ਸਟਿੱਕਰ ਜਾਂ ਫਲਾਇਰ ਮਿਲਦੇ ਹਨ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਭਾਵੇਂ ਕਿ ਸਟਿੱਕਰ, ਫਲਾਇਰ ਅਤੇ ਪੋਸਟਰ ਪਹਿਲੀ ਸੋਧ ਦੁਆਰਾ ਸੁਰੱਖਿਅਤ ਕੀਤੇ ਗਏ ਹਨ ਅਤੇ ਨਫ਼ਰਤ ਸੰਬੰਧੀ ਜ਼ੁਰਮ ਨਹੀਂ ਮੰਨੇ ਜਾਂਦੇ, ਪਰ ਪੱਖਪਾਤੀ ਜਾਂ ਨਫ਼ਰਤ ਭਰੇ ਸੰਦੇਸ਼ਾਂ ਦੀ ਰਿਪੋਰਟ ਕਰਨਾ ਮਹੱਤਵਪੂਰਨ ਹੈ।

ਜੇਕਰ ਫਲਾਇਰਾਂ ਵਿੱਚ ਕੁਝ ਤਸਵੀਰਾਂ ਸ਼ਾਮਲ ਹੁੰਦੀਆਂ ਹਨ, ਜਿਵੇਂ ਕਿ ਸਵਾਸਤਿਕ ਜਾਂ ਨੂਸ, ਜੋ ਉਨ੍ਹਾਂ ਲੋਕਾਂ ਵਿਰੁੱਧ ਇਲਜ਼ਾਮ ਵਧਾ ਸਕਦੀਆਂ ਹੈ, ਜਿਨ੍ਹਾਂ ਨੇ ਸਮੱਗਰੀ ਵੰਡੀਆਂ ਹਨ ਅਤੇ ਇਹ ਤੁਹਾਡੇ ਸਥਾਨਕ ਖੇਤਰ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

## ...ਜੇਕਰ ਕੋਈ ਪੱਖਪਾਤੀ ਟਿੱਪਣੀਆਂ ਕਰਦਿਆਂ ਮੈਨੂੰ ਸਰੀਰਕ ਤੌਰ 'ਤੇ ਧਮਕਾਉਂਦਾ ਹੈ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਸੰਪਰਕ ਕੀਤੇ ਬਿਨਾਂ ਵੀ ਸਰੀਰਕ ਖ਼ਤਰਾ ਇੱਕ ਜ਼ੁਰਮ ਮੰਨਿਆ ਜਾ ਸਕਦਾ ਹੈ। ਜਿਵੇਂ ਹੀ ਕਿਸੇ ਵਿੱਚ ਪੱਖਪਾਤੀ ਭਾਸ਼ਾ ਦੇ ਨਾਲ ਸਰੀਰਕ ਖ਼ਤਰਾ ਸ਼ਾਮਲ ਹੁੰਦਾ ਹੈ, ਇਸਨੂੰ ਨਫ਼ਰਤ ਸੰਬੰਧੀ ਜ਼ੁਰਮ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

ਜੇਕਰ ਕੋਈ ਵਿਅਕਤੀ ਕਿਸੇ ਪੀੜਤ ਦੇ ਸਰੀਰਕ ਤੌਰ 'ਤੇ ਹਮਲਾ ਕਰਨ ਤੋਂ ਪਹਿਲਾਂ ਇਹ ਕਹਿ ਕੇ ਚੀਕਦਾ ਹੈ, "ਮੈਂ ਤੁਹਾਡੇ ਏਸ਼ੀਆਈ ਚਿਹਰੇ ਨੂੰ ਮੁੱਕਾ ਮਾਰਨ ਜਾ ਰਿਹਾ/ਰਹੀ ਹਾਂ," ਤਾਂ ਇਹ ਨਫ਼ਰਤ ਸੰਬੰਧੀ ਜ਼ੁਰਮ ਹੋ ਸਕਦਾ ਹੈ ਅਤੇ ਤੁਹਾਨੂੰ 911 'ਤੇ ਕਾਲ ਕਰਕੇ ਜਾਂ ਆਪਣੇ ਸਥਾਨਕ ਖੇਤਰ ਦੇ ਪੁਲਿਸ ਸਟੇਸ਼ਨ ਵਿੱਚ ਜਾ ਕੇ ਪੁਲਿਸ ਨੂੰ ਇਸ ਘਟਨਾ ਦੀ ਜਾਣਕਾਰੀ ਦੇਣੀ ਚਾਹੀਦੀ ਹੈ।

## ...ਜੇਕਰ ਕੋਈ ਵਿਅਕਤੀ ਮੇਰੀ ਪਛਾਣ ਬਾਰੇ ਜ਼ੁਬਾਨੀ ਤੌਰ 'ਤੇ ਮੈਨੂੰ ਪਰੇਸ਼ਾਨ ਕਰਦਾ ਹੈ, ਪਰ ਮੈਨੂੰ ਧਮਕਾਉਂਦਾ ਨਹੀਂ ਹੈ ਜਾਂ ਛੂੰਹਦਾ ਨਹੀਂ ਹੈ?

ਜੇਕਰ ਕੋਈ ਵਿਅਕਤੀ ਤੁਹਾਡੀ ਨਸਲ, ਰਾਸ਼ਟਰੀ ਮੂਲ, ਧਰਮ, ਲਿੰਗ, ਜਿਨਸੀ ਝੁਕਾਅ ਜਾਂ ਲਿੰਗ ਪਛਾਣ, ਅਪੰਗਤਾ, ਜਾਂ ਕਿਸੇ ਹੋਰ ਸੁਰੱਖਿਅਤ ਸ਼੍ਰੇਣੀ ਦੇ ਕਾਰਨ ਤੁਹਾਨੂੰ ਪਰੇਸ਼ਾਨ ਕਰਦਾ ਹੈ, ਤਾਂ ਉਸਨੂੰ ਵਿਤਕਰੇ ਵਾਲੀ ਪਰੇਸ਼ਾਨੀ ਮੰਨਿਆ ਜਾ ਸਕਦਾ ਹੈ ਅਤੇ ਤੁਹਾਨੂੰ 311 'ਤੇ ਕਾਲ ਕਰਨੀ ਚਾਹੀਦੀ ਹੈ ਅਤੇ "ਮਨੁੱਖੀ ਅਧਿਕਾਰ" ਕਹਿਣਾ ਚਾਹੀਦਾ ਹੈ ਜਾਂ ਮਨੁੱਕੀ ਅਧਿਕਾਰਾਂ 'ਤੇ NYC ਕਮਿਸ਼ਨ (CCHR) ਨੂੰ ਪੱਖਪਾਤ ਸੰਬੰਧੀ ਘਟਨਾ ਦੀ ਰਿਪੋਟਰ ਕਰਨੀ ਚਾਹੀਦੀ ਹੈ।

ਜੇਕਰ ਤੁਸੀਂ ਇਸ ਗੱਲ ਬਾਰੇ ਯਕੀਨੀ ਨਹੀਂ ਹੋ ਕਿ ਪਰੇਸ਼ਾਨੀ ਪੱਖਪਾਤੀ ਸੀ ਜਾਂ ਕੀ ਇਹ ਤੁਹਾਡੀ ਪਛਾਣ ਦੇ ਅਧਾਰ 'ਤੇ ਸੀ ਜਾਂ ਨਹੀਂ, ਤਾਂ ਤੁਸੀਂ ਫਿਰ ਵੀ CCHR ਨੂੰ ਕਾਲ ਜਾਂ ਈਮੇਲ ਕਰ ਸਕਦੇ ਹੋ ਅਤੇ ਉਹ ਤੁਹਾਡੇ ਅਧਿਕਾਰਾਂ ਨੂੰ ਸਮਝਣ ਅਤੇ ਸ਼ਿਕਾਇਤ ਦਰਜ ਕਰਨ ਵਿੱਚ ਤੁਹਾਡੀ ਮਦਦ ਕਰਨਗੇ।

## ਜੇਕਰ ਮੈਨੂੰ ਇਹ ਯਕੀਨ ਨਹੀਂ ਹੈ ਕਿ ਕੀ ਮੈਂ ਨਫ਼ਰਤ ਸੰਬੰਧੀ ਜ਼ੁਰਮ ਜਾਂ ਪੱਖਪਾਤੀ ਘਟਨਾ ਦਾ ਅਨੁਭਵ ਕੀਤਾ ਹੈ ਜਾਂ ਨਹੀਂ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਕਿਸੇ ਨੇ ਤੁਹਾਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਇਆ ਹੈ ਜਾਂ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਹੈ, ਤਾਂ ਤੁਹਾਨੂੰ 911' ਤੇ ਕਾਲ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਨੂੰ 311 ਨੂੰ ਕਾਲ ਕਰਨੀ ਚਾਹੀਦੀ ਹੈ ਜਾਂ 911 ਨੂੰ ਤਾਂ ਦੋਵਾਂ ਨੂੰ ਕਾਲ ਕਰੋ।

ਭਾਵੇਂ ਤੁਸੀਂ 311 'ਤੇ ਕਾਲ ਕਰਦੇ ਹੋ ਜਾਂ 911 'ਤੇ , ਤੁਹਾਡੀ ਸ਼ਿਕਾਇਤ ਨੂੰ ਸਹੀ ਜਗ੍ਹਾ 'ਤੇ ਭੇਜ ਦਿੱਤਾ ਜਾਵੇਗਾ। ਇਸ ਘਟਨਾ ਦੀ ਰਿਪੋਰਟ ਕਰਨਾ ਇਸ ਗੱਲ ਬਾਰੇ ਚਿੰਤਾ ਕਰਨ ਨਾਲੋਂ ਵਧੇਰੇ ਮਹੱਤਵਪੂਰਨ ਹੈ ਕਿ ਕਿਹੜੇ ਨੰਬਰ ਦੀ ਵਰਤੋਂ ਕਰਨੀ ਹੈ।

**ਕੀ ਹੋਇਆ?**

**ਪੱਖਪਾਤ ਸੰਬੰਧੀ ਘਟਨਾ**

**ਨਫ਼ਰਤ ਸੰਬੰਧੀ ਜ਼ੁਰਮ**

**ਮੈਨੂੰ ਕੀ ਕਰਨਾ ਚਾਹੀਦਾ ਹੈ?**

ਪੱਖਪਾਤ ਸੰਬੰਧੀ ਘਟਨਾ: 311 'ਤੇ ਕਾਲ ਕਰੋ ਅਤੇ "ਮਨੁੱਖੀ ਅਧਿਕਾਰ" ਕਹੋ ਜਾਂ CCHR ਦੀ ਵੈੱਬਸਾਈਟ 'ਤੇ ਇੱਕ ਅਨੁਸ਼ਾਸ਼ਨ ਸੰਬੰਧੀ ਰਿਪੋਰਟ ਭਰੋ

ਨਫ਼ਰਤ ਸੰਬੰਧੀ ਜ਼ੁਰਮ: 911 'ਤੇ ਕਾਲ ਕਰੋ ਅਤੇ "ਨਫ਼ਰਤ ਸੰਬੰਧੀ ਜ਼ੁਰਮ" ਕਹੋ ਜਾਂ ਤੁਹਾਡੇ ਸਥਾਨ ਪੁਰਿਸ ਸਟੇਸ਼ਨ 'ਤੇ ਕਾਲ ਕਰੋ

**ਅੱਗੇ ਕੀ ਹੋਵੇਗਾ?**

ਪੱਖਪਾਤ ਸੰਬੰਧੀ ਘਟਨਾ: ਤੁਹਾਡਾ CCHR ਸਟਾਫ਼ ਨਾਲ ਸੰਪਰਕ ਕਰਵਾਇਆ ਜਾਵੇਗਾ, ਜੋ ਕੇਸ ਦੀ ਜਾਂਚ ਕਰ ਸਕਦਾ ਹੈ ਜਾਂ ਤੁਹਾਡੀ ਸ਼ਿਕਾਇਤ ਦਰਜ ਕਰਨ ਵਿੱਚ ਮਦਦ ਕਰ ਸਕਦਾ ਹੈ

ਨਫ਼ਰਤ ਸੰਬੰਧੀ ਜ਼ੁਰਮ: ਜੇਕਰ ਪੁਲਿਸ ਨੂੰ ਜਾਂਚ ਕਰਨ ਲਈ ਭੇਜਿਆ ਜਾਂਦਾ ਹੈ, ਤਾਂ ਤੁਹਾਡਾ ਕਿਸੇ ਓਪਰੇਟਰ ਨਾਲ ਸੰਪਰਕ ਕਰਵਾਇਆ ਜਾਵੇਗਾ, ਜੋ ਵੇਰਵੇ ਬਾਰੇ ਪੁੱਛੇਗਾ ਅਤੇ ਇਸਦਾ ਫ਼ੈਸਲਾ ਕਰੇਗਾ ਭਾਸ਼ਾ ਸਹਾਇਤਾ ਉਪਲਬਧ ਹੈ ਅਤੇ ਤੁਹਾਨੂੰ ਕਦੇ ਵੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛਿਆ ਜਾਵੇਗਾ।